**<u>ਜਨਤਕ ਸੂਚਨਾਂ/ਪ੍ਰੈਸ ਨੋਟ</u>**

ਨਗਰ ਨਿਗਮ, ਪਠਾਨਕੋਟ ਦੀ ਹਦੂਦ ਅੰਦਰ ਰਹਿੰਦੇ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਾਣਯੋਗ ਵਧੀਕ ਡਿਪਟੀ ਕਮਿਸ਼ਨਰ (ਜ) ਜੀ ਪਾਸੋਂ ਇਸ ਦਫਤਰ ਨੂੰ ਸੂਚਿਤ ਕੀਤਾ ਗਿਆ ਹੈ ਕਿ, ਮਾਣਯੋਗ ਚੇਅਰਮੈਨ ਪੰਜਾਬ ਰਾਜ ਪੱਛੜੀਆਂ ਸ਼੍ਰੇਣੀਆਂ ਕਮਿਸ਼ਨ ਜੀ ਪਾਸੋਂ ਹਦਾਇਤ ਪ੍ਰਾਪਤ ਹੋਈ ਹੈ ਕਿ ਕੰਬੋਜ ਜਾਤੀ ਦਾ ਸਮਾਜਿਕ, ਆਰਥਿਕ ਅਤੇ ਵਿਦਿਅਕ ਸਰਵੇ ਰਿਪੋਰਟ ਤੁਰੰਤ ਕਮਿਸ਼ਨ ਨੂੰ ਭੇਜੀ ਜਾਵੇ।

ਇਸ ਤੋਂ ਇਲਾਵਾ ਮਾਣਯੋਗ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ)-ਕਮ-ਵਧੀਕ ਜਿਲ੍ਹਾ ਚੋਣਕਾਰ ਅਫਸਰ, ਪਠਾਨਕੋਟ ਜੀ ਵੱਲੋਂ ਨਗਰ ਨਿਗਮ, ਪਠਾਨਕੋਟ ਦੇ ਅਧਿਕਾਰ ਖੇਤਰ ਵਿੱਚ ਸਿਕਲੀਗਰ, ਲੁਬਾਣਾ, ਵਣਜਾਰੇ ਅਤੇ ਦੱਖਣੀ ਸਿੱਖ ਸਮੂਦਾਏ ਦਾ ਸਮਾਜਿਕ, ਆਰਥਿਕ ਅਤੇ ਵਿਦਿਅਕ ਸਰਵੇ ਕਰਵਾਉਣ ਲਈ ਨਗਰ ਨਿਗਮ, ਪਠਾਨਕੋਟ ਨੂੰ ਇੰਚਾਰਜ ਲਗਾਇਆ ਗਿਆ ਹੈ।

ਉਪਰੋਕਤ ਨੂੰ ਮੁੱਖ ਰੱਖਦੇ ਹੋਏ ਇਸ ਜਨਤਕ ਸੂਚਨਾਂ/ਪ੍ਰੈਸ ਨੋਟ ਦੀ ਜਾਰੀ ਹੋਣ ਦੀ ਮਿਤੀ ਤੋਂ 15 ਕੰਮ-ਕਾਜ ਵਾਲੇ ਦਿਨਾਂ ਦੇ ਅੰਦਰ-ਅੰਦਰ ਜੇਕਰ ਕੋਈ ਕੰਬੋਜ ਜਾਤੀ ਜਾਂ ਸਿਕਲੀਗਰ, ਲੁਬਾਣਾ, ਵਣਜਾਰੇ ਅਤੇ ਦੱਖਣੀ ਸਿੱਖ ਸਮੂਦਾਏ ਦਾ ਹੈ ਤਾਂ ਉਹ ਆਪਣੀ ਸੂਚਨਾਂ ਦਫਤਰ ਨਗਰ ਨਿਗਮ, ਪਠਾਨਕੋਟ ਵਿਖੇ ਆ ਕੇ ਦੇ ਸਕਦਾ ਹੈ, ਸੂਚਨਾਂ ਮਿਥੇ ਸਮੇਂ ਅੰਦਰ ਨਾ ਮਿਲਣ ਦੀ ਸੂਰਤ ਵਿੱਚ ਸੂਚਨਾਂ ਨਿਲ ਸਮਝੀ ਜਾਵੇਗੀ।

12/8/2025

ਸਕੱਤਰ,
ਨਗਰ ਨਿਗਮ, ਪਠਾਨਕੋਟ।